ਭਗਤੀ ਵਿਚ ਲੱਗਿਆ ਰਹਿੰਦਾ ਹੈ। ਫਲ-ਸਰੂਪ ਉਹ ਜਨਤਾ ਦੀ ਸੇਵਾ ਲਈ ਸਮਾਂ ਨਹੀਂ ਨਿਕਾਲ ਸਕਦਾ, ਦੂਸਰਾ ਰਾਤ ਦਿਨ ਲੋਕ ਸੇਵਾ ਵਿਚ ਲਗਿਆ ਰਹਿੰਦਾ ਹੈ, ਉਸ ਨੂੰ ਤੁਹਾਡੀ ਭਗਤੀ ਲਈ ਸਮਾਂ ਨਹੀਂ ਮਿਲਦਾ... ... ... ?"

"ਹਾਂ, ਅੱਗੇ......।"

"ਭਗਵਾਨ ਮੈਂ ਪੁਛਦਾ ਹਾਂ, ਇਹਨਾਂ ਦੋਹਾਂ ਵਿਚੋਂ ਕਿਹੜਾ ਮਹਾਨ ਹੈ ? ਅਤੇ ਕਿਹੜਾ ਚੰਗੇ ਫਲ ਦਾ ਅਧਿਕਾਰੀ ਹੈ ?"

"ਗੌਤਮ, ਉਹ, ਜੋ ਲੋਕ-ਸੇਵਾ ਕਰਦਾ ਹੈ ।"

"ਭਗਵਾਨ, ਉਹ ਕਿਸ ਤਰ੍ਹਾਂ ? ਕੀ ਆਪਦੀ ਭਗਤੀ ਕੁਝ ਨਹੀਂ ?"

"ਮੇਰੀ ਭਗਤੀ ਦਾ ਅਰਥ ਇਹ ਨਹੀਂ ਕਿ ਮੇਰਾ ਨਾਂ ਲਿਆ ਜਾਵੇ, ਮੇਰੀ ਪੂਜਾ ਪ੍ਰਸ਼ੰਸਾ ਕੀਤੀ ਜਾਵੇ । ਮੇਰੀ ਭਗਤੀ ਮੇਰੀ ਆਗਿਆ ਪਾਲਨਾ ਹੈ, ਮਨੁੱਖ ਮਾਤਰ ਨੂੰ ਸੁਖ-ਸ਼ਾਂਤੀ ਤੇ ਆਰਾਮ ਪਹੁੰਚਾਣਾ ਹੈ ।"

ਭਗਵਾਨ ਮਹਾਂਵੀਰ ਦਾ ਲੋਕ ਸੇਵਾ ਦੇ ਸਬੰਧ ਵਿਚ ਕੀ ਭਾਵ ਸੀ ? ਇਹ ਇਸ ਤੋਂ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ । ਭਗਵਾਨ ਲੋਕ-ਸੇਵਾ ਨੂੰ ਆਪਣੀ ਸੇਵਾ ਸਮਝਦੇ (ਮੰਨਦੇ) ਸਨ । ਜਿਥੋਂ ਤਕ ਸਾਨੂੰ ਪਤਾ ਹੈ ਸੰਸਾਰ

ਦੇ ਦੂਜੇ ਪੁਰਾਣੇ ਪੁਰਸ਼ਾਂ ਤੋਂ ਭਗਵਾਨ ਮਹਾਂਵੀਰ ਦਾ ਇਹ ਸਭ ਤੋਂ ਪਹਿਲਾ ਮਹਾਨ ਪ੍ਰਕਾਸ਼ ਦੇਣ ਵਾਲਾ ਵਾਕ ਹੈ।

## ❀ ਸੱਚ ਦੇ ਰਾਹੀ

ਭਗਵਾਨ ਨੇ ਆਪਣੇ ਜੀਵਨ ਵਿਚ ਕਦੇ ਕਿਸੇ ਵਿਅਕਤੀ ਦੇ ਦਬਾਉ ਵਿਚ ਆ ਕੇ ਸੱਚ ਦਾ ਅਪਮਾਨ ਨਹੀਂ ਕੀਤਾ। ਚਾਹੇ ਕੋਈ ਬੜਾ ਸਮਰਾਟ ਹੋਵੇ, ਜਾਂ ਕੋਈ ਹੋਰ, ਉਨ੍ਹਾਂ ਬਿਨਾਂ ਸੰਕੋਚ ਠੀਕ ਸੱਚ ਦਾ ਆਸਰਾ ਲਿਆ। ਇਕ ਸੱਚੇ ਮਹਾਂਪੁਰਸ਼ ਵਿਚ ਜੋ ਸਪਸ਼ਟ ਵਾਦਿਤਾ ਹੋਣੀ ਚਾਹੀਦੀ ਹੈ, ਉਹ ਉਨ੍ਹਾਂ ਵਿਚ ਸੌ ਫੀ ਸਦੀ ਸੀ।

ਮਗਧ ਸਮਰਾਟ ਅਜਾਤ ਸ਼ਤਰੂ ਭਗਵਾਨ ਦਾ ਬੜਾ ਹੀ ਕਟੜ ਭਗਤ ਸੀ ਬਿਨਾਂ ਭਗਵਾਨ ਦੇ ਦਰਸ਼ਨ ਕੀਤੇ ਜਾਂ ਖਬਰ ਪ੍ਰਾਪਤ ਕੀਤੇ ਆਖਦੇ ਹਨ, ਉਹ ਪਾਣੀ ਦੀ ਇਕ ਬੂੰਦ ਭੀ ਮੂੰਹ ਵਿਚ ਨਹੀਂ ਪਾਉਂਦਾ ਸੀ। ਪਰ ਉਸਦਾ ਅੰਦਰਲਾ ਜੀਵਨ ਡਿਗਿਆ ਹੋਇਆ ਸੀ।

ਭਗਤੀ ਦੀ ਸਾਫ ਚੱਦਰ ਵਿਚ ਉਸਨੇ ਆਪਣੇ ਦੁਰ-ਭਾਵ ਦੇ ਕਾਲੇ ਦਾਗ਼ ਜਨਤਾ ਤੋਂ ਲੁਕਾਕੇ ਰੱਖੇ ਸਨ। ਪਰ ਵੈਸ਼ਾਲੀ ਦਾ ਪਰਜਾ ਤੰਤਰ ਤੇ ਅਤਿਆਚਾਰ ਪੂਰਣ ਹਮਲਾ ਕਰਨ ਦੇ ਕਾਰਣ ਉਸਦਾ ਖੋਖਲਾ-ਪਨ ਪ੍ਰਗਟ ਹੋ ਚੁਕਾ ਸੀ। ਜਨਤਾ ਦੀਆਂ ਅੱਖਾਂ ਵਿਚ ਉਸਦੀ ਸ਼ਖਸੀਅਤ ਗਿਰ ਚੁਕੀ ਸੀ।

ਆਪਣੀ ਗਿਰਦੀ ਸ਼ਖਸੀਅਤ ਨੂੰ ਉੱਨਤ ਕਰਨ ਲਈ—ਭਗਵਾਨ ਮੈਨੂੰ ਪਰਮਾਤਮਾ, ਸਵਰਗ ਜਾਂ ਮੋਕਸ਼ ਦਾ ਅਧਿਕਾਰੀ ਪ੍ਰਮਾਨਿਤ ਕਰ ਦੇਣ। ਉਸਨੇ ਇਕ ਵਾਰ ਹਜ਼ਾਰਾਂ ਇਸਤਰੀ ਪੁਰਸ਼ਾਂ ਦੀ ਸਭਾ ਵਿਚ ਭਗਵਾਨ ਤੋਂ ਪੁਛਿਆ—

"ਭਗਵਾਨ ! ਮੌਤ ਤਾਂ ਆਵੇਗੀ ਹੀ... ... ...!"

"ਜ਼ਰੂਰ ਆਵੇਗੀ।"

"ਹਾਂ, ਤਾਂ ਮੌਤ ਤੋਂ ਬਾਦ ਭਗਵਾਨ ! ਮੈਂ ਕਿੱਥੇ ਪੈਦਾ ਹੋਵਾਂਗਾ ?"

"ਨਰਕ ਵਿਚ, ਹੋਰ ਕਿੱਥੇ ?"

"ਭਗਵਾਨ, ਨਰਕ !"

"ਹਾਂ ਨਰਕ।"

"ਆਪਦਾ ਭਗਤ ਤੇ ਨਰਕ !" ਹੈਰਾਨੀ ਨਾਲ ਸਮਰਾਟ ਨੇ ਕਿਹਾ।

"ਕੀ ਆਖਿਆ, ਮੇਰਾ ਭਗਤ ?" ਉਸੇ ਤਰ੍ਹਾਂ ਭਗਵਾਨ ਨੇ ਕਿਹਾ।

"ਹਾਂ, ਆਪਦਾ ਭਗਤ।" ਜਵਾਬ ਮਿਲਿਆ।

"ਝੂਠ ਬੋਲਦੇ ਹੋ ਸਮਰਾਟ।" — ਦ੍ਰਿੜ ਨਿਸ਼ਚੇ ਨਾਲ ਭਗਵਾਨ ਬੋਲੇ :—

"ਮੇਰਾ ਭਗਤ ਹੋ ਕੇ ਕੋਈ ਬੇ-ਦੋਸ਼ੀ ਜਨਤਾ ਦਾ ਸੋਸ਼ਨ

ਕਰਦਾ ਹੈ ? ਵਾਸਨਾਵਾਂ ਦਾ ਗੁਲਾਮ ਬਣ ਸਕਦਾ ਹੈ ? ਔਰਤ ਜਾਂ ਹਾਥੀ ਜਿਹੇ ਨਾਸ਼ਵਾਨ ਪਦਾਰਥਾਂ ਲਈ ਲੜਾਈ ਦੇ ਮੈਦਾਨ ਵਿਚ ਕਰੋੜਾਂ ਮਨੁੱਖਾਂ ਦਾ ਖ਼ਾਤਮਾ ਕਰ ਸਕਦਾ ਹੈ ? ਕਦੇ ਨਹੀਂ । ਮੇਰੀ ਭਗਤੀ ਨਹੀਂ, ਆਪਣੇ ਭੈੜੇ ਕਰਮਾਂ ਵਲ ਵੇਖ ! ਜੀਵਨ ਦਾ ਸਦਾਚਾਰੀ ਹੋਣਾ ਹੀ ਮਨੁੱਖ ਨੂੰ ਨਰਕ ਤੋਂ ਬਚਾ ਸਕਦਾ ਹੈ ਹੋਰ ਕੋਈ ਨਹੀਂ । ਭਗਤੀ ਵਿਚ ਅਤੇ ਭਗਤੀ ਦੇ ਢੰਗ ਵਿਚ ਫ਼ਰਕ ਹੈ ਸਮਰਾਟ !"

ਇਸ ਤੇ ਅਜਾਤ ਸ਼ਤਰੂ ਭਗਵਾਨ ਤੋਂ ਬਾਗੀ ਬਣ ਗਿਆ । ਲੇਕਿਨ ਭਗਵਾਨ ਨੂੰ ਇਸ ਤੋਂ ਕੀ ? ਉਹ ਭਗਤਾਂ ਦੀ ਦਿਲਜੋਈ ਕਰਨ ਨੂੰ ਕਦੇ ਅਤਿਆਚਾਰ ਦਾ, ਪਤਿੱਤ-ਜੀਵਨ ਦਾ ਸਮਰਥਨ ਨਹੀਂ ਕਰ ਸਕਦੇ ਸਨ ।

ਆਪਣੇ ਸ਼੍ਰਮਣ (ਸਾਧੂ) ਚੇਲਿਆਂ ਤੇ ਉਨ੍ਹਾਂ ਦਾ ਸਖ਼ਤ ਅਨੁਸ਼ਾਸਨ ਸੀ । ਗਲਤੀ ਕਰਨ ਵਾਲਾ ਚੇਲਾ ਚਾਹੇ ਕਿੰਨਾਂ ਵੀ ਵੱਡਾ ਹੋਵੇ, ਸੰਘ ਦਾ ਅਧਿਕਾਰੀ ਹੋਵੇ, ਉਹ ਉਸ ਨੂੰ ਅਨੁਸ਼ਾਸਿਤ ਕਰਨਾ ਨਹੀਂ ਭੁਲਦੇ ਸਨ । ਸ਼੍ਰੀ ਗੌਤਮ ਭਗਵਾਨ ਦੇ ਪ੍ਰਮੁੱਖ ਗੰਣਧਰ ਸਨ । ਇਕ ਤਰ੍ਹਾਂ ਨਾਲ ਉਹ ਹੀ ਸ਼੍ਰਮਣ ਸੰਘ ਦੇ ਕਰਤਾ-ਧਰਤਾ ਸਨ ।

ਇਕ ਵਾਰ ਦੀ ਗੱਲ ਹੈ ਕਿ ਆਪ 'ਆਨੰਦ' ਨਾਂ ਦੇ ਉਪਾਸਕ ਦੇ ਨਾਲ ਗੱਲ-ਬਾਤ ਕਰਦੇ ਸਮੇਂ ਸ਼ੰਕਾ-ਭਰੇ ਸਿੱਧਾਂਤ ਦੀ ਸਥਾਪਨਾ ਕਰ ਆਏ । ਉਸ ਲਈ ਭਗਵਾਨ ਨੇ ਆਪ ਨੂੰ ਉਲਟੇ ਪੈਰ ਆਨੰਦ ਤੋਂ ਖਿਮਾਂ ਮੰਗਣ ਲਈ ਭੇਜਿਆ ਸੀ ।

੧੪੦੦੦ ਸ਼੍ਰਮਣ-ਸੰਘ ਦਾ ਮਾਲਕ ਇਕ ਗ੍ਰਹਿਸਥ ਤੋਂ ਖ਼ਿਮਾਂ-ਯਾਚਨਾ ਕਰਨ ਲਈ ਉਸ ਦੇ ਦਰ ਤੇ ਜਾਏ ਇਹ ਨਿਆਂ ਦੀ ਨਿਰਪੱਖਤਾ ਦਾ ਕਿੰਨਾਂ ਵੱਡਾ ਆਦਰਸ਼ ਹੈ। ਭਗਵਾਨ ਜਿਹੇ ਕਠੋਰ-ਸੱਚ ਦੇ ਪੱਖ-ਪਾਤੀ ਮਹਾਂਪੁਰਸ਼ ਦੀ ਅਗਵਾਈ ਵਿਚ ਹੀ ਇਸ ਤਰ੍ਹਾਂ ਦੀ ਮਹਾਨ ਇਤਿਹਾਸਿਕ ਘਟਨਾ ਦਾ ਨਿਰਮਾਣ ਹੁੰਦਾ ਹੈ।

## ❀ ਵਿਸ਼ਾਲ ਦ੍ਰਿਸ਼ਟੀ-ਕੋਣ

ਭਗਵਾਨ ਮਹਾਂਵੀਰ ਜੀ ਦੀ ਵਿਚਾਰ-ਧਾਰਾ ਵਿਸ਼ਾਲ ਸੀ। ਉਹ ਤੰਗ-ਦਿਲ, ਫ਼ਿਰਕਾ-ਪ੍ਰਸਤ, ਦਲ-ਬੰਦੀਆਂ ਨੂੰ ਚੰਗਾ ਨਹੀਂ ਸਨ ਸਮਝਦੇ। ਉਸ ਸਮੇਂ ਭਿਆਨਕ ਧਾਰਮਿਕ ਝਗੜੇ ਹੋਇਆ ਕਰਦੇ ਸਨ। ਸਾਧਾਰਣ ਜਿਹੀ ਗੱਲ 'ਤੇ ਸੈਂਕੜੇ ਮਨੁੱਖਾਂ ਦਾ ਖ਼ੂਨ ਵਹਿ ਜਾਂਦਾ ਸੀ। ਭਗਵਾਨ ਨੇ ਉਨ੍ਹਾਂ ਸਭਨਾਂ ਦਾ ਮੇਲ ਕਰਨ ਲਈ — ਆਪਸੀ-ਪ੍ਰੇਮ ਸਥਾਪਿਤ ਕਰਨ ਲਈ ਸਿਆਦ-ਵਾਦ ਦੀ ਖੋਜ ਕੀਤੀ। ਸਿਆਦ-ਵਾਦ ਦਾ ਭਾਵ ਇਹੋ ਹੈ ਕਿ ਹਰ ਧਰਮ ਵਿਚ ਕੁਝ ਨਾ ਕੁਝ ਸਚਾਈ ਦਾ ਅੰਸ਼ ਹੈ। ਸੋ ਸਾਨੂੰ ਵਿਰੋਧ ਵਿਚ ਨਾ ਪੈ ਕੇ ਹਰ ਧਰਮ ਦੀ ਸੱਚਾਈ ਦੇ ਅੰਸ਼ ਦਾ ਆਦਰ ਕਰਨਾ ਚਾਹੀਦਾ ਹੈ ਅਤੇ ਆਪਸੀ-ਪ੍ਰੇਮ ਦੇ ਸਦ-ਭਾਵਨਾ ਦਾ ਵਾਤਾ-ਵਰਣ ਪੈਦਾ ਕਰਨਾ ਚਾਹੀਦਾ ਹੈ।

ਭਗਵਾਨ ਨੇ ਧਰਮ ਦੀ ਪਰਿਭਾਸ਼ਾ ਦੱਸਦੇ ਹੋਏ ਇਹੋ

ਭਾਵ ਪ੍ਰਗਟ ਕਰਦੇ ਹੋਏ, ਆਪ ਨੇ ਕਿਹਾ ਸੀ :—

"ਸੰਸਾਰ ਵਿਚ ਕਲਿਆਣ ਕਰਨ ਵਾਲਾ ਉੱਚਾ ਮੰਗਲ ਇਕ-ਮਾਤਰ ਧਰਮ ਹੈ ਅਤੇ ਉਹ ਧਰਮ ਹੋਰ ਕੁਝ ਨਹੀਂ। ਅਹਿੰਸਾ, ਸੰਜਮ ਤੇ ਤਪ ਦਾ ਸੁਮੇਲ ਹੈ।"

ਪਾਠਕ ਵੇਖ ਸਕਦੇ ਹਨ। ਭਗਵਾਨ ਨੇ ਇਹ ਨਹੀਂ ਕਿਹਾ ਕਿ 'ਜਨ-ਧਰਮ' ਹੀ ਸਰਵ-ਉੱਚ ਮੰਗਲ ਹੈ ਜਾਂ ਜੋ ਕੁਝ ਮੈਂ ਕਿਹਾ ਹੈ, ਉਹੀ ਮੰਗਲ ਹੈ। ਭਗਵਾਨ ਜਾਣਦੇ ਸਨ ਕਿ ਕੋਈ ਵੀ ਸੱਚ-ਖੇਤਰ, ਸਮਾਂ, ਮਨੁੱਖ ਜਾਂ ਨਾਉਂ ਆਦਿ ਦੇ ਬੰਧਨਾਂ ਵਿਚ ਨਹੀਂ ਰਹਿ ਸਕਦਾ। ਸੱਚਾ ਧਰਮ ਅਹਿੰਸਾ ਹੈ ਜਿਸ ਵਿਚ ਜੀਵ ਦਇਆ, ਸੱਚਾ ਪ੍ਰੇਮ ਤੇ ਭਰਾਤਰੀ-ਭਾਵ ਦਾ ਸੁਮੇਲ ਹੈ, ਜਿਸ ਨਾਲ ਮਨ ਤੇ ਇੰਦ੍ਰੀਆਂ ਨੂੰ ਵੱਸ ਵਿਚ ਰੱਖਕੇ ਆਪਣੀ ਆਤਮਾ ਵਿਚ ਰਮਨ (ਘੁੰਮਣ) ਦਾ ਪਾਠ ਪੜ੍ਹਿਆ ਜਾਂਦਾ ਹੈ। ਸੱਚਾ ਧਰਮ ਤਪ ਹੈ, ਜਿਸ ਵਿਚ ਦੂਸਰੇ ਦੀ ਸੇਵਾ, ਆਤਮ-ਚਿੰਤਨ ਤੇ ਗਿਆਨ ਸ਼ਾਮਲ ਹੈ। ਜਦ ਤਿੰਨ ਅੰਗ ਮਿਲਦੇ ਹਨ ਤਾਂ ਧਰਮ ਦੀ ਸਾਧਨਾ ਪੂਰੀ ਅਵਸਥਾ ਤੇ ਪਹੁੰਚ ਜਾਂਦੀ ਹੈ। ਸਾਧਕ ਨੂੰ ਹਮੇਸ਼ਾ ਲਈ ਪਾਪ-ਰੂਪੀ ਕਾਲਖ ਤੋਂ ਛੁਡਾ ਦਿੰਦੀ ਹੈ।

### ❀ ਲੋਕ-ਜਾਗ੍ਰਤੀ

ਜ਼ਿਆਦਾ ਕੀ ਭਗਵਾਨ ਮਹਾਂਵੀਰ ਜੀ ਦਾ ਕੇਵਲ-ਗਿਆਨ (ਬ੍ਰਹਮ-ਗਿਆਨ) ਸਬੰਧੀ ੩੦ ਸਾਲ ਦਾ ਜੀਵਨ

ਬੜਾ ਹੀ ਮਹੱਤਵ-ਪੂਰਣ ਤੇ ਸੰਸਾਰ-ਕਲਿਆਣਕਾਰੀ ਰਿਹਾ ਹੈ। ਜੀਵਨ ਦਾ ਇਕ ਪਲ ਇੱਧਰ-ਉੱਧਰ ਨਾ ਗਵਾ ਕੇ ਸੰਸਾਰ-ਕਲਿਆਣ ਲਈ ਲਗਾਤਾਰ ਕੋਸ਼ਿਸ਼ਾਂ ਕਰਦੇ ਰਹੇ। ਕੀ ਮੱਗਧ ਬਿਹਾਰ ਦਾ ਇਲਾਕਾ), ਕੀ ਬੰਗ (ਬੰਗਾਲ ਤੇ ਬੰਗਲਾ ਦੇਸ਼), ਕੀ ਸਿੰਧ (ਗੁਜਰਾਤ) (ਤੇ ਸਿੰਧ ਦਾ ਅੱਜ ਕਲ ਦਾ ਇਲਾਕਾ), ਆਦਿ ਪ੍ਰਦੇਸ਼ਾਂ ਵਿਚ ਘੁੰਮ-ਘੁੰਮ ਕੇ ਜਨਤਾ ਨੂੰ ਸੱਚ ਦਾ ਸੰਦੇਸ਼ ਸੁਣਾਇਆ। ਉਸ ਨੂੰ ਸੱਚੇ ਰਾਹ ਪਾਇਆ। ਉਸ ਸਮੇਂ ਦੇ ਇਤਿਹਾਸ ਨੂੰ ਵੇਖਣ ਤੇ ਪਤਾ ਚੱਲਦਾ ਹੈ ਕਿ ਮਨੁੱਖੀ-ਸਮਾਜ ਦੀ ਕਾਇਆ ਪਲਟ ਗਈ। ਭਾਰਤ ਦਾ ਜ਼ਿਆਦਾ ਮਨੁੱਖੀ-ਸਮਾਜ ਭੋਗ-ਵਿਲਾਸ ਦੇ ਟੋਇਆਂ ਵਿਚੋਂ ਨਿਕਲਕੇ ਤਿਆਗ, ਵੈਰਾਗ ਦੀ ਉੱਚੀ ਚੋਟੀ ਤੇ ਚੜ੍ਹ ਆਇਆ ਸੀ।

ਮੇਘ ਕੁਮਾਰ, ਨੰਦੀ ਸੇਨ ਜਿਹੇ ਕਰੋੜਾਂ ਦੀ ਸੰਪਤੀ 'ਚ ਖੇਡਣ ਵਾਲੇ ਰਾਜ ਕੁਮਾਰਾਂ ਦੀਆ ਟੋਲੀਆਂ, ਸਾਧੂਆਂ ਵਾਲੇ ਕਪੜੇ ਪਹਿਨਕੇ, ਨੰਗੇ ਸਿਰ ਤੇ ਨੰਗੇ ਪੈਰ, ਹਜ਼ਾਰਾਂ ਕਸ਼ਟਾਂ ਨੂੰ ਝੇਲਦਿਆਂ ਜਦ ਸ਼ਹਿਰ-ਸ਼ਹਿਰ, ਪਿੰਡ-ਪਿੰਡ, ਵਿਚ ਘਰੋ-ਘਰੀ ਘੁੰਮ ਰਹੀਆਂ ਸਨ। ਮਹਾਂਵੀਰ ਦਾ ਪਵਿੱਤਰ ਉਪਦੇਸ਼ ਜਨਤਾ ਨੂੰ ਸੁਣਾ ਰਹੀਆਂ ਸਨ। ਉਸ ਵੇਲੇ ਕਿੰਨਾਂ ਵਧੀਆ ਤੇ ਸੁਹਾਵਣਾ ਦ੍ਰਿਸ਼ ਹੋਵੇਗਾ। ਕਲਪਨਾ ਕਰਦਿਆਂ ਮਨ ਝੂਮ ਪੈਂਦਾ ਹੈ।

ਰੰਗ-ਮਹਿਲਾਂ ਵਿਚ ਜੀਵਨ ਗੁਜ਼ਾਰਨ ਵਾਲੀ ਜਦ ਨੰਦਾ ਤੇ ਕ੍ਰਿਸ਼ਨਾ ਜੇਹੀਆਂ ਹਜ਼ਾਰਾਂ ਮਹਾਰਾਣੀਆਂ ਭਿਕਸ਼ੁਣੀਆਂ

ਬਣਦੀਆਂ ਹੋਣਗੀਆਂ ਤੇ ਜਦ ਉਹ ਤਿਆਗ-ਵੈਰਾਗ ਦੀ ਜਿਉਂਦੀਆਂ-ਜਾਗਦੀਆਂ ਮੂਰਤੀਆਂ ਭਗਵਾਨ ਮਹਾਂਵੀਰ ਜੀ ਦਾ ਪਵਿੱਤਰ ਸੰਦੇਸ਼ ਘਰ-ਘਰ ਸੁਣਾਂਦੀਆਂ ਫ਼ਿਰਦੀਆਂ ਹੋਣਗੀਆਂ ਤਾਂ ਇਹ ਪਾਪੀ ਦੁਨੀਆਂ ਕੀ ਸੋਚਦੀ ਹੋਵੇਗੀ ? ਪੱਥਰ ਤੋਂ ਪੱਥਰ ਦਾ ਹਿਰਦਾ ਵੀ ਪਿਘਲਕੇ ਮੋਮ ਬਣ ਜਾਂਦਾ ਹੋਵੇਗਾ ! ਭਗਵਾਨ ਦੇ ਸੰਸਾਰੀ-ਉਪਕਾਰੀ ਧਰਮ-ਉਪਦੇਸ਼ਾਂ ਦੇ ਅੱਗੇ ਸਾਰੀ ਮਨੁੱਖ-ਜਾਤੀ ਸ਼ਰਧਾ ਦੇ ਨਾਲ ਸਿਰ ਝੁਕਾ ਦਿੰਦੀ ਹੋਵੇਗੀ।

ਭਗਵਾਨ ਦੇ ਸੰਘ ਵਿਚ ੧੪੦੦੦ ਭਿਕਸ਼ੂ, ੩੬੦੦੦ ਸਾਧਵੀਆਂ, ੧੫੯੦੦੦ ਉਪਾਸਕ (ਸ਼੍ਰਾਵਕ) ਤੇ ੩੧੮੦੦੦ ਉਪਾਸਿਕਾਵਾਂ (ਸ਼੍ਰਾਵਿਕਾਵਾਂ) ਸਨ। ਪ੍ਰਸਿਧ ਵਿਦਵਾਨ ਬਾ: ਮੋ: ਸ਼ਾਹ ਦੇ ਭਾਵਾਂ ਵਿਚ—"ਜਦ ਰੇਲ, ਤਾਰ ਤੇ ਪੋਸਟ ਆਦਿ ਕੁਝ ਵੀ ਪ੍ਰਚਾਰ ਦੇ ਸਾਧਨ ਨਹੀਂ ਸਨ ਤਦ ਛੋਟੇ ਜਿਹੇ ੩੦ ਸਾਲ ਦੇ ਸਮੇਂ ਵਿਚ ਪੈਦਲ ਚਲਕੇ ਜਿਸ ਮਹਾਂ-ਪੁਰਸ਼ ਨੇ ਇੰਨਾਂ ਵਿਸ਼ਾਲ ਪ੍ਰਚਾਰ ਅੱਗੇ ਵਧਾਇਆ ਉਸਦਾ ਉਤ-ਸ਼ਾਹ, ਧੀਰਜ ਸਹਿਨ-ਸ਼ੀਲਤਾ, ਗਿਆਨ, ਵੀਰਜ-ਸ਼ਕਤੀ ਤੇ ਤੇਜ ਕਿੰਨਾਂ ਉੱਚ-ਕੋਟੀ ਦਾ ਹੋਵੇਗਾ ?" ਇਸ ਦਾ ਅਨੁਭਵ ਸਹਿਜ ਹੀ ਕੀਤਾ ਜਾ ਸਕਦਾ ਹੈ। ਉਸ ਸਮੇਂ ਦੀ ਇਤਿਹਾਸਕ ਸਾਮੱਗ੍ਰੀ ਨੂੰ ਚੁਕ ਕੇ ਵੇਖਦੇ ਹਾਂ ਤਾਂ ਚਹੁੰ ਪਾਸੇ ਤਿਆਗ ਤੇ ਵੈਰਾਗ ਦਾ ਸਮੁੰਦਰ ਠਾਠਾਂ ਮਾਰਦਾ ਮਿਲਦਾ ਹੈ।

### ❀ ਨਿਰਵਾਨ ਪਦ

ਪਾਵਾ ਸਮਰਾਟ ਹਸਤੀਪਾਲ ਦੀ ਬੇਨਤੀ ਤੇ ਭਗਵਾਨ

ਨੇ ਆਖਰੀ ਚੌਮਾਸਾ ਪਾਵਾ ਵਿਚ ਕੀਤਾ। ਧਰਮ ਪ੍ਰਚਾਰ ਕਰਦੇ ਹੋਏ ਕੱਤਕ ਦੀ ਅਮਾਵਸ ਆ ਚੁੱਕੀ ਸੀ। ਸਵਾਤੀ ਨਛੱਤਰ ਦਾ ਯੋਗ ਚੱਲ ਰਿਹਾ ਸੀ। ਭਗਵਾਨ ਸੋਲਾਂ ਪਹਿਰ ਤੋਂ ਆਪਣੀ ਆਖਰੀ ਅਮਾਨਤ ਦੇ ਰੂਪ ਵਿਚ ਧਰਮ-ਉਪਦੇਸ਼ ਕਰ ਰਹੇ ਸਨ। ਨੌ ਮਲੀ ਅਤੇ ਨੌ ਲਿੱਛਵੀ ਇਸ ਤਰ੍ਹਾਂ ਅਠਾਰ੍ਹਾਂ ਗਣ ਰਾਜਾਂ ਦੇ ਮੁਖੀ ਸਮਰਾਟ ਸੇਵਾ ਵਿਚ ਪੌਸ਼ਧ (ਇਕ ਪ੍ਰਕਾਰ ਦਾ ਵਰਤ,ਜਿਸ ਵਿਚ ਸਾਰਾ ਦਿਨ ਤੇ ਰਾਤ ਖਾਣ-ਪੀਣ ਦੀ ਮਨਾਹੀ ਹੁੰਦੀ ਹੈ) ਕਰ ਰਹੇ ਸਨ। ਭਗਵਾਨ ਆਪ ਵੀ ਦੋ ਦਿਨਾਂ ਤੋਂ ਵਰਤੀ ਸਨ। ਸ਼ੁਕਲ (ਪ੍ਰਕਾਸ਼ ਵਾਲਾ) ਧਿਆਨ ਦਵਾਰਾ ਅਵਸ਼ਿਸ਼ਟ (ਬਾਕੀ) ਕਰਮਾਂ ਦਾ ਪਰਦਾ ਹਟਾਕੇ ਸਦਾ ਦੇ ਲਈ ਅਜਰ-ਅਮਰ ਹੋ ਗਏ। ਜੈਨ-ਭਾਸ਼ਾ ਵਿਚ ਨਿਰਵਾਨ ਪਾ ਕੇ ਸਿੱਧ, ਬੁੱਧ ਤੇ ਮੁਕਤ ਹੋ ਗਏ।

ਇਹ ਗਿਆਨ-ਸੂਰਜ ਸਾਡੇ ਤੋਂ ਅੱਡ ਹੋ ਕੇ ਮੁਕਤ-ਲੋਕ ਵਿਚ ਚਲਿਆ ਗਿਆ। ਅੱਜ ਅਸੀਂ ਸਾਮ੍ਹਣੇ ਦਰਸ਼ਨ ਨਹੀਂ ਕਰ ਸਕਦੇ, ਪਰ ਉਨ੍ਹਾਂ ਦੇ ਧਰਮ-ਉਪਦੇਸ਼ ਦਵਾਰਾ ਪ੍ਰਸਾਰਿਤ ਗਿਆਨ-ਕਿਰਨਾਂ ਅਜ ਸਾਡੇ ਸਾਹਮਣੇ ਚਮਕ ਰਹੀਆਂ ਹਨ। ਸਾਡਾ ਫ਼ਰਜ਼ ਹੈ ਕਿ ਅਸੀਂ ਉਸ ਗਿਆਨ-ਕਿਰਨਾਂ ਦੇ ਪ੍ਰਕਾਸ਼ ਵਿਚ ਸਚ ਦੀ ਖੋਜ ਕਰਕੇ ਜੀਵਨ ਸਫਲ ਬਣਾਈਏ।

* * *

# ਗ਼ੁਲਾਮੀ ਤੋਂ ਮੁਕਤ : ਅਪਰਿਗ੍ਰਹਿ

□

### ❀ ਦੁਖਾਂ ਦਾ ਮੂਲ

ਭਗਵਾਨ ਮਹਾਂਵੀਰ ਜੀ ਨੇ ਪਰਿਗ੍ਰਹਿ, ਸੰਗ੍ਰਹਿ-ਵਿਰਤੀ ਅਤੇ ਤ੍ਰਿਸ਼ਨਾਂ ਨੂੰ ਸੰਸਾਰ ਦੇ ਸਾਰੇ ਦੁੱਖ ਕਲੇਸ਼ਾਂ ਦਾ ਮੂਲ ਕਿਹਾ ਹੈ। ਸੰਸਾਰ ਦੇ ਸਾਰੇ ਜੀਵ ਤ੍ਰਿਸ਼ਨਾਂ ਦੇ ਵੱਸ ਹੋ ਕੇ ਅਸ਼ਾਂਤ ਦੇ ਦੁਖੀ ਹੋ ਰਹੇ ਹਨ। ਤ੍ਰਿਸ਼ਨਾਂ, ਜਿਸ ਦਾ ਕਿਤੇ ਅੰਤ ਨਹੀਂ, ਕਿਤੇ ਠਹਿਰਾਉ ਨਹੀਂ, ਜੋ ਅਨੰਤ ਆਕਾਸ਼ ਦੇ ਸਮਾਨ ਬੇਅੰਤ ਹੈ। ਸੰਸਾਰੀ-ਆਤਮਾ ਧਨ, ਪਰਿਵਾਰ ਅਤੇ ਭੌਤਿਕ ਪਦਾਰਥਾਂ ਵਿਚ ਸੁੱਖ, ਸ਼ਾਂਤੀ ਦੀ ਖੋਜ ਕਰਦੇ ਹਨ। ਉਹਨਾਂ ਦੀ ਇਹ ਕੋਸ਼ਿਸ਼ ਬੇਕਾਰ ਅਤੇ ਬੇ-ਅਰਥ ਹੈ ਕਿਉਂਕਿ ਤ੍ਰਿਸ਼ਨਾਂ ਦਾ ਅੰਤ ਕੀਤੇ ਬਿਨਾਂ ਕਦੇ ਸੁੱਖ ਅਤੇ ਸ਼ਾਂਤੀ ਨਹੀਂ ਮਿਲੇਗੀ। ਲਾਭ ਤੋਂ ਲੋਭ ਵਿਚ ਵਾਧਾ ਹੁੰਦਾ ਹੈ। ਪਰਿਗ੍ਰਹਿ ਸੰਗ੍ਰਹਿ, ਇਕੱਠ, ਤ੍ਰਿਸ਼ਨਾਂ, ਇੱਛਾ, ਲਾਲਸਾ ਤੇ ਲਗਾਓ ਦੀ ਭਾਵਨਾ ਤੇ ਮੂਰਛਾ-ਭਾਵ—ਇਹ ਸਭ ਇਕ ਹੀ ਅਰਥ ਵਾਲੇ ਸ਼ਬਦ ਹਨ। ਅੱਗ ਵਿਚ ਘਿਉ ਪਾਉਣ ਨਾਲ ਜਿਵੇਂ ਘੱਟ ਨਾ ਹੋ ਕੇ ਅੱਗ ਜ਼ਿਆਦਾ ਬਲਦੀ ਹੈ ਇੰਝ ਹੀ ਪਰਿਗ੍ਰਹਿ ਤੇ

ਸੰਗ੍ਰਹਿ ਨਾਲ ਤ੍ਰਿਸ਼ਨਾਂ ਦੀ ਅੱਗ ਸ਼ਾਂਤ ਨਾ ਹੋ ਕੇ ਜ਼ਿਆਦਾ ਵਿਸ਼ਾਲ ਹੁੰਦੀ ਜਾਂਦੀ ਹੈ।

### ❀ ਪਰਿਗ੍ਰਹਿ ਦੇ ਮੂਲ ਕੇਂਦਰ

ਸੋਨਾ, ਇਸਤਰੀ, ਪਰਿਗ੍ਰਹਿ ਦੇ ਮੂਲ ਕੇਂਦਰ ਹਨ। ਮੇਰੀ ਸੱਤਾ, ਮੇਰਾ ਪਰੀਵਾਰ, ਮੇਰਾ ਧਨ, ਮੇਰੀ ਸ਼ਕਤੀ, ਇਹ ਭਾਸ਼ਾ, ਇਹ ਬਾਣੀ ਪਰਿਗ੍ਰਹਿ ਵਿਰਤੀ ਤੋਂ ਜਨਮ ਲੈਂਦੀ ਹੈ। ਬੰਧਨ ਕੀ ਹੈ ? ਇਸ ਪ੍ਰਸ਼ਨ ਦੇ ਉੱਤਰ ਵਿਚ ਭਗਵਾਨ ਨੇ ਕਿਹਾ, "ਪਰਿਗ੍ਰਹਿ ਤੇ ਆਰੰਭ।" ਆਰੰਭ ਦਾ, ਹਿੰਸਾ ਦਾ ਜਨਮ ਵੀ ਪਰਿਗ੍ਰਹਿ ਤੋਂ ਹੀ ਹੁੰਦਾ ਹੈ। ਇਸ ਲਈ ਬੰਧਨ ਦਾ ਮੂਲ ਕਾਰਨ ਪਰਿਗ੍ਰਹਿ ਹੀ ਮੰਨਿਆ ਗਿਆ ਹੈ। ਮਨੁੱਖ ਧਨ ਦੀ ਕਮਾਈ ਤੇ ਰੱਖਿਆ ਇਸ ਲਈ ਕਰਦਾ ਹੈ ਕਿ ਇਸ ਨਾਲ ਉਸਦੀ ਆਪਣੀ ਰੱਖਿਆ ਹੋ ਸਕੇਗੀ। ਪਰ ਇਹ ਵਿਚਾਰ ਹੀ ਮਿੱਥਿਆ ਹੈ। ਭਗਵਾਨ ਨੇ ਤਾਂ ਸਪਸ਼ਟ ਕਿਹਾ ਹੈ: 'वित्तेण ताणं न लभे' ਧਨ ਕਦੇ ਕਿਸੇ ਦੀ ਰਖਿਆ ਨਹੀਂ ਕਰ ਸਕਿਆ ਹੈ। ਸੰਪਤੀ ਅਤੇ ਸੱਤਾ ਦਾ ਮੋਹ ਮਨੁੱਖ ਨੂੰ ਗ਼ਲਤੀ ਵਿਚ ਪਾ ਦਿੰਦਾ ਹੈ। ਸੰਪਤੀ ਇੱਛਾ ਨੂੰ ਅਤੇ ਸੱਤਾ ਹੰਕਾਰ ਨੂੰ ਜਨਮ ਦੇ ਕੇ ਸੁੱਖ ਦੀ ਜਗ੍ਹਾ ਦੁਖ ਹੀ ਪੈਦਾ ਕਰਦੀ ਹੈ।

### ❀ ਸੁੱਖ ਦਾ ਰਸਤਾ

ਇਛਾ ਅਤੇ ਤ੍ਰਿਸ਼ਨਾ ਤੇ ਜਿਤ ਪਾਉਣ ਲਈ ਭਗਵਾਨ ਨੇ ਕਿਹਾ, "ਇਛਾਵਾਂ ਦਾ ਤਿਆਗ ਕਰ ਦਿਓ। ਸੁੱਖ ਦਾ

ਇਹੋ ਸੱਚਾ ਰਸਤਾ ਹੈ। ਜੇ ਇਛਾਵਾਂ ਦਾ ਪੂਰਨ ਤਿਆਗ ਕਰਨ ਦੀ ਤਾਕਤ ਤੁਹਾਡੇ ਵਿਚ ਨਹੀਂ ਤਾਂ ਇੱਛਾਵਾਂ ਦੀ ਹੱਦ ਨਿਸ਼ਚਿਤ ਕਰ ਲਵੋ। ਇਹ ਵੀ ਸੁੱਖ ਦਾ ਇਕ-ਅੱਧ ਵਿਕਸਿਤ ਰਸਤਾ ਹੈ।" ਸੰਸਾਰ ਵਿਚ ਭੋਗਣ-ਯੋਗ ਵਸਤਾਂ ਬੇਅੰਤ ਹਨ। ਕਿਸ ਕਿਸਦੀ ਇੱਛਾ ਕਰੋਗੇ ? ਕਿਸ-ਕਿਸ ਨੂੰ ਭੋਗੋਗੇ ? ਪੁਦਗਲਾਂ (ਸੜਨ, ਗਲਣ ਵਾਲਾ ਪਦਾਰਥ) ਦਾ ਭੋਗ ਅਨੰਤ-ਕਾਲ ਤੋਂ ਹੋ ਰਿਹਾ ਹੈ। ਕੀ ਸ਼ਾਂਤੀ ਤੇ ਸੁਖ ਮਿਲਿਆ ? ਸੁਖ ਤ੍ਰਿਸ਼ਨਾ ਦੇ ਖਾਤਮੇ ਵਿਚ ਹੈ। ਸੁੱਖ ਇੱਛਾਵਾਂ ਦੇ ਖਾਤਮੇ ਵਿਚ ਹੈ। ਸੁਖੀ ਹੋਣ ਦੇ ਇਸ ਰਸਤੇ ਨੂੰ ਭਗਵਾਨ ਨੇ ਆਪਣੀ ਬਾਣੀ ਵਿਚ ਅਪਰਿਗ੍ਰਹਿ ਤੇ ਇਛਾ ਪਰਿਮਾਣ ਵਰਤ ਕਿਹਾ ਹੈ। ਇਹ ਸਾਧਕ ਦੀ ਸ਼ਕਤੀ ਤੇ ਨਿਰਭਰ ਹੈ, ਕਿ ਉਹ ਕਿਹੜਾ ਰਸਤਾ ਗ੍ਰਹਿਣ ਕਰਦਾ ਹੈ। ਅੰਤਿਮ ਸਿਧਾਂਤ ਤਾਂ ਇਹ ਹੈ ਕਿ ਪਰਿਗ੍ਰਹਿ ਦਾ ਤਿਆਗ ਕਰੋ। ਹੋਲੀ ਹੋਲੀ ਕਰੋ, ਚਾਹੇ ਇਕ ਵਾਰ ਕਰੋ, ਪਰ ਕਰੋ ਜ਼ਰੂਰ।

## ❀ ਪਰਿਗ੍ਰਹਿ : ਮੋਹ ਜਾਲ

ਪਰਿਗ੍ਰਹਿ ਕੀ ਹੈ ? ਇਸ ਪ੍ਰਸ਼ਨ ਤੇ ਭਗਵਾਨ ਨੇ ਆਪਣੇ ਉਪਦੇਸ਼ਾਂ ਵਿਚ ਇਸ ਪ੍ਰਕਾਰ ਕਿਹਾ ਹੈ :-

* ਵਸਤੂ ਆਪਣੇ ਆਪ ਵਿਚ ਪਰਿਗ੍ਰਹਿ ਨਹੀਂ ਹੈ ਜੇ ਉਸਦੇ ਪ੍ਰਤੀ ਮੂਰਛਾ-ਭਾਵ (ਲਗਾਓ) ਆ ਗਿਆ ਤਾਂ

ਉਹ ਪਰਿਗ੍ਰਹਿ ਹੈ ।

* ਜੋ ਮਨੁੱਖ ਆਪ ਸੰਗ੍ਰਹਿ (ਇਕੱਠ) ਕਰਦਾ ਹੈ ਅਤੇ ਦੂਸਰੇ ਤੋਂ ਸੰਗ੍ਰਹਿ ਕਰਵਾਂਦਾ ਹੈ ਜਾਂ ਸੰਗ੍ਰਹਿ ਕਰਣ ਵਾਲੇ ਦੀ ਹਿਮਾਇਤ ਕਰਦਾ ਹੈ । ਉਹ ਕਦੇ ਵੀ ਜਨਮ-ਮਰਨ ਦੇ ਚੱਕਰ ਤੋਂ ਮੁਕਤ ਨਹੀਂ ਹੋ ਸਕੇਗਾ ।

* ਸਸਾਰ ਦੇ ਜੀਵਾਂ ਲਈ ਪਰਿਗ੍ਰਹਿ ਤੋਂ ਵੱਧ ਕੇ ਕੋਈ ਬੰਧਨ, ਰੱਸੀ ਜਾਂ ਜੰਜ਼ੀਰ ਨਹੀਂ ਹੈ ।

* ਧਰਮ ਦੇ ਭਾਵ ਨੂੰ ਸਮਝਣ ਵਾਲੇ ਗਿਆਨੀ ਪੁਰਸ਼, ਦੂਸਰੇ ਭੌਤਿਕ ਸਾਧਨਾਂ ਵਿਚ ਤਾਂ ਕੀ, ਆਪਣੇ ਸ਼ਰੀਰ ਨਾਲ ਲਗਾਓ ਦੀ ਭਾਵਨਾ ਵੀ ਨਹੀਂ ਰੱਖਦੇ ।

* ਧਨ-ਸੰਗ੍ਰਹਿ ਨਾਲ ਦੁੱਖਾਂ ਵਿਚ ਵਾਧਾ ਹੁੰਦਾ ਹੈ। ਧਨ ਮੋਹ ਦੀ ਜੰਜ਼ੀਰ ਹੈ ਤੇ ਉਹ ਡਰ ਨੂੰ ਪੈਦਾ ਕਰਦਾ ਹੈ ।

* ਇੱਛਾਵਾਂ ਆਕਾਸ਼ ਦੀ ਤਰ੍ਹਾਂ ਬੇਅੰਤ ਹਨ, ਉਨ੍ਹਾਂ ਦਾ ਕਦੇ ਅੰਤ ਨਹੀਂ ਹੁੰਦਾ ।

## * ਸੰਸਾਰ ਦਾ ਕਾਰਣ : ਤ੍ਰਿਸ਼ਨਾ

ਪਰਿਗ੍ਰਹਿ ਕਲੇਸ਼ (ਦੁੱਖਾਂ) ਦਾ ਮੂਲ ਹੈ ਅਤੇ ਅਪਰਿ-ਗ੍ਰਹਿ ਸੁੱਖ ਦਾ ਸਾਧਨ ਹੈ ; ਤ੍ਰਿਸ਼ਨਾ ਸੰਸਾਰ ਦਾ ਕਾਰਣ ਹੈ ਅਤੇ ਸੰਤੋਖ ਮੁਕਤੀ (ਮੋਕਸ਼) ਦਾ । ਇੱਛਾ ਵਧਾਉਣ ਨਾਲ